# ਕਲੇਮਾਂ ਦੀ ਪ੍ਰਕਿਰਿਆ

- **ਤੁਸੀਂ ਆਪਣੀ ਅਰਜ਼ੀ ਨੂੰ ਮੁਕੰਮਲ ਕਰੋ ਅਤੇ ਪੇਸ਼ ਕਰੋ।**
  ਜੇ ਤੁਸੀਂ ਬਿਨਾਂ ਸਫਲਤਾ ਦੇ ਸਭ ਦੂਸਰੇ ਬਦਲਾਂ ਨੂੰ ਅਜ਼ਮਾ ਚੁੱਕੇ ਹੋ, ਕਲੇਮ ਪੈਕੇਜ ਨੂੰ ਡਾਉਨਲੋਡ ਕਰਨ ਲਈ ਸਾਡੇ ਨਾਲ ਸੰਪਰਕ ਕਰੋ ਜਾਂ *ਸਾਡੇ ਵੈੱਬਸਾਈਟ (omvic.on.ca)* ਨੂੰ ਦੇਖੋ। ਪੱਕਾ ਕਰੋ ਕਿ ਤੁਸੀਂ ਹਦਾਇਤਾਂ ਦੀ ਪਾਲਨਾ ਕਰਦੇ ਹੋ ਅਤੇ ਸਭ ਫਾਰਮਾਂ ਨੂੰ ਪੂਰੇ ਤੌਰ ਤੇ ਮੁਕੰਮਲ ਕੀਤਾ ਹੈ।

- **ਬੋਰਡ ਆਫ ਟਰਸਟੀਜ਼ *(Board of Trustees)* ਵਾਸਤੇ ਅਸੀਂ ਤੁਹਾਡੇ ਕਲੇਮ ਨੂੰ ਤਿਆਰ ਕਰਨ ਵਿੱਚ ਤੁਹਾਡੀ ਮਦਦ ਕਰਦੇ ਹਾਂ।**
  ਜਦੋਂ ਤੁਸੀਂ ਆਪਣਾ ਕਲੇਮ ਪੇਸ਼ ਕਰਦੇ ਹੋ, ਅਸੀਂ ਤੁਹਾਡੀ ਅਰਜ਼ੀ ਦੀ ਸਮੀਖਿਆ ਕਰਾਂਗੇ, ਨਿਰਧਾਰਤ ਕਰਾਂਗੇ ਕਿ ਕੀ ਤੁਹਾਡਾ ਕਲੇਮ ਮਾਪਦੰਡਾਂ ਨੂੰ ਪੂਰਾ ਕਰਦਾ ਹੈ ਅਤੇ ਬੋਰਡ ਆਫ ਟਰੱਸਟੀਜ਼ ਵੱਲੋਂ ਤੁਹਾਡੇ ਕਲੇਮ 'ਤੇ ਅੰਤਿਮ ਸੋਚ ਵਿਚਾਰ ਕਰਨ ਲਈ ਤੁਹਾਡੇ ਕਲੇਮ ਨੂੰ ਤਿਆਰ ਕਰਦੇ ਹਾਂ।

- **ਬੋਰਡ ਆਫ ਟਰੱਸਟੀਜ਼ ਤੁਹਾਡੇ ਕਲੇਮ ਦੀ ਸਮੀਖਿਆ ਕਰਦਾ ਹੈ।**
  ਬੋਰਡ ਆਫ ਟਰੱਸਟੀਜ਼ ਤੁਹਾਡੇ ਕਲੇਮਾਂ ਦੀ ਸਮੀਖਿਆ ਕਰਨ ਲਈ ਸਾਲ ਵਿੱਚ ਕਈ ਵਾਰੀ ਮੀਟਿੰਗ ਕਰਦਾ ਹੈ। ਅੰਤਿਮ ਫੈਸਲਾ ਹੋ ਜਾਣ ਪਿੱਛੋਂ ਛੇਤੀ ਹੀ ਬਹੁਤੇ ਕਲੇਮਾਂ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ।

- **ਤੁਹਾਨੂੰ ਅੰਤਿਮ ਫੈਸਲੇ ਬਾਰੇ ਅਤੇ ਅਪੀਲ ਕਰਨ (ਜੇ ਜ਼ਰੂਰੀ ਹੋਵੇ) ਦੇ ਤੁਹਾਡੇ ਹੱਕ ਨੂੰ ਸੂਚਿਤ ਕਰ ਦਿੱਤਾ ਜਾਂਦਾ ਹੈ।**
  ਜੇ ਤੁਸੀਂ ਬੋਰਡ ਆਫ ਟਰੱਸਟੀਜ਼ ਦੇ ਅੰਤਿਮ ਫੈਸਲੇ ਨਾਲ ਅਸਹਿਮਤ ਹੋ, ਲਾਇਸੰਸ ਅਪੀਲ ਟ੍ਰਿਬੂਨਲ (Licence Appeal Tribunal) ਦੇ ਨਾਮ ਨਾਲ ਜਾਣੀ ਜਾਂਦੀ ਇੱਕ ਸਵਤੰਤਰ ਸੰਸਥਾ ਕੋਲ ਤੁਸੀਂ ਅਪੀਲ ਕਰ ਸਕਦੇ ਹੋ। ਜਦੋਂ ਤੁਹਾਨੂੰ ਬੋਰਡ ਦਾ ਫੈਸਲਾ ਮਿਲ ਜਾਂਦਾ ਹੈ, ਤੁਹਾਨੂੰ ਤੁਹਾਡੇ ਅਪੀਲ ਕਰਨ ਦੇ ਹੱਕਾਂ ਬਾਰੇ ਵੀ ਸੂਚਿਤ ਕਰ ਦਿੱਤਾ ਜਾਵੇਗਾ।

## ਮੋਟਰ ਵੀਹਕਲ ਡੀਲਰਜ਼ ਕੰਪੈਨਸੇਸ਼ਨ ਫੰਡ (Motor Vehicle Dealers Compensation Fund)

### ਉਨਟੈਰੀਓ ਦੇ ਵਾਹਨ ਖ਼ਰੀਦਦਾਰਾਂ ਦੀ ਵਿੱਤੀ ਸੁਰੱਖਿਆ

ਮੋਟਰ ਵੀਹਕਲ ਡੀਲਰਜ਼ ਕੰਪੈਨਸੇਸ਼ਨ ਫੰਡ ਇੱਕ ਉਦਯੋਗ-ਫਾਇਨਾਨਸਡ ਫੰਡ ਹੁੰਦਾ ਹੈ ਜਿਹੜਾ ਖਪਤਕਾਰਾਂ ਨੂੰ ਮੁਆਵਜ਼ਾ ਦਿੰਦਾ ਹੈ ਜਿਨ੍ਹਾਂ ਦਾ ਉਨਟੈਰੀਓ-ਰਜਿਸਟਰਡ ਵਾਹਨ ਡੀਲਰ ਨਾਲ ਕੋਈ ਸੌਦਾ ਕਰਨ ਦੇ ਕਾਰਨ ਵਿੱਤੀ ਨੁਕਸਾਨ ਹੋ ਜਾਂਦਾ ਹੈ।

ਮੋਟਰ ਵੀਹਕਲ ਡੀਲਰਜ਼ ਕੰਪੈਨਸੇਸ਼ਨ ਫੰਡ ਵੱਲੋਂ ਅਦਾਇਗੀਯੋਗ ਵੱਧ ਤੋਂ ਵੱਧ ਰਾਸ਼ੀ $45,000 ਪ੍ਰਤੀ ਵਾਹਨ ਸੌਦੇ ਦੀ ਹੁੰਦੀ ਹੈ।

ਮੋਟਰ ਵੀਹਕਲ ਡੀਲਰਜ਼ ਕੰਪੈਨਸੇਸ਼ਨ ਫੰਡ ਉਨਟੈਰੀਓ ਮੋਟਰ ਵੀਹਕਲ ਇੰਡਸਟਰੀ ਕੌਂਸਲ (OMVIC) ਵੱਲੋਂ ਪ੍ਰਸ਼ਾਸਤ ਕੀਤਾ ਜਾਂਦਾ ਹੈ, ਉਨਟੈਰੀਓ ਦੀ ਮੋਟਰ ਵਾਹਨ ਵੇਚਕਾਰੀ ਉਦਯੋਗ ਦਾ ਰੈਗੂਲੇਟਰ (ਨਿਯਮਕ)।

Motor Vehicle Dealers Compensation Fund

### ਸਾਡੇ ਨਾਲ ਸੰਪਰਕ ਕਰੋ


ਮੋਟਰ ਵੀਹਕਲ ਡੀਲਰਜ਼ ਕੰਪੈਨਸੇਸ਼ਨ ਫੰਡ

ਫੋਨ: 1-800-943-6002 ਐਕਸਟੈਨਸ਼ਨ 3661

ਫੈਕਸ: 416-226-9406

ਵੈੱਬਸਾਈਟ: omvic.on.ca

ਈਮੇਲ: compfund@omvic.on.ca


# ਵਾਹਨ ਖ਼ਰੀਦ

## ਸਬੰਧਤ

# ਸਮੱਸਿਆਵਾਂ ਨੂੰ ਹੱਲ ਕਰਨਾ



ਵਾਹਨ ਖ਼ਰੀਦ ਦੇ ਮਸਲਿਆਂ ਨੂੰ ਪੈਦਾ ਹੋਣ ਤੋਂ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਤੁਹਾਡੇ ਵੱਲੋਂ ਕੋਈ ਖ਼ਰੀਦ ਕਰਨ ਤੋਂ ਪਹਿਲਾਂ ਤੁਹਾਨੂੰ ਉਸ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਲੈ ਲੈਣਾ ਹੁੰਦਾ ਹੈ। ਜੇ ਤੁਹਾਡੇ ਖ਼ਰੀਦ ਸਮਝੌਤੇ ਜਾਂ ਵਾਹਨ ਦੇ ਪਿਛੋਕੜ (ਹਿਸਟਰੀ) ਦੇ ਪ੍ਰਗਟਾਵੇ ਬਾਰੇ ਕੋਈ ਮਸਲੇ ਹਨ, ਤੁਸੀਂ ਇਹ ਕਦਮ ਚੁੱਕ ਸਕਦੇ ਹੋ।

Motor Vehicle Dealers Compensation Fund

# ਤੁਹਾਡੀ 3-ਕਦਮ ਗਾਈਡ

## ਕਦਮ 1

### ਆਪਣੇ ਡੀਲਰ ਨਾਲ ਆਪਣੇ ਮਸਲੇ ਬਾਰੇ ਗੱਲ ਕਰੋ

ਜੇ ਤੁਸੀਂ ਸੋਚਦੇ ਹੋ ਕਿ ਕਿਸੇ ਵਾਹਨ ਦੀ ਖ਼ਰੀਦ ਬਾਰੇ ਤੁਹਾਡਾ ਕੋਈ ਮਸਲਾ ਹੈ, ਆਪਣੇ ਡੀਲਰ ਜਿਸ ਨੇ ਤੁਹਾਨੂੰ ਵਾਹਨ ਵੇਚਿਆ ਸੀ ਨਾਲ ਸੰਪਰਕ ਕਰੋ। ਕੁਝ ਮਸਲੇ ਸਧਾਰਨ ਗਲ਼ਤ ਫਹਿਮੀਆਂ ਹੁੰਦੀਆਂ ਹਨ। ਬਹੁਤੇ ਡੀਲਰਜ਼ ਸਰੋਕਾਰਾਂ ਜਾਂ ਮਸਲਿਆਂ ਨੂੰ ਤੁਹਾਡੇ ਨਾਲ ਸਿੱਧੇ ਤੌਰ ਤੇ ਹਲ ਕਰ ਦੇਣਗੇ ਕਿਉਂਕਿ ਉਹ *ਮੋਟਰ ਵੀਹਕਲ ਐਕਟ, 2002 (Motor Vehicle Dealers Act, 2002 - MVDA)* ਵੱਲੋਂ ਨਿਯੰਤਰਤ ਕੀਤੇ ਜਾਂਦੇ ਹਨ, ਜਿਸ ਨੂੰ ਉਨਟੈਰੀਓ ਮੋਟਰ ਵੀਹਕਲ ਇੰਡਸਟਰੀ ਕੌਂਸਲ (Ontario Motor Vehicle Industry Council - OMVIC) ਵੱਲੋਂ ਪ੍ਰਸ਼ਾਸਤ ਕੀਤਾ ਜਾਂਦਾ ਹੈ। ਡੀਲਰਾਂ ਨੂੰ OMVIC ਦੇ ਨੈਤਿਕ ਨੇਮਾਂ ਦੇ ਜ਼ਾਬਤੇ (Code of Ethics) ਦੀ ਵੀ ਪਾਲਣਾ ਕਰਨੀ ਪੈਂਦੀ ਹੈ।

**ਆਪਣੇ ਸਮਝੌਤਿਆਂ, ਰਸੀਦਾਂ, ਇਨਵੋਇਸਿਜ਼, ਚੈੱਕਾਂ ਅਤੇ ਕਰੇਡਿਟ ਕਾਰਡ ਸਟੇਟਮੈਂਟਾਂ ਦੇ ਰਿਕਾਰਡਜ਼ ਅਤੇ ਕਾਪੀਆਂ ਸੰਭਾਲ ਕੇ ਰੱਖੋ।**

ਜੇ ਤੁਸੀਂ ਨਤੀਜੇ ਨਾਲ ਸੰਤੁਸ਼ਟ ਨਹੀਂ ਹੋ, ਹੋਰ ਉਪਾਅ ਵੀ ਹੋ ਸਕਦੇ ਹਨ। ਕਦਮ 2 ’ਤੇ ਜਾਓ।

### ਨੋਟ

- ਸੌਦੇ ਨੂੰ ਵਿੱਤੀ ਮੁਆਵਜ਼ੇ ਦੇ ਯੋਗ ਹੋਣ ਲਈ ਵਿਸ਼ੇਸ਼ ਮਾਪਦੰਡਾਂ ਦੀ ਜ਼ਰੂਰ ਹੀ ਪਾਲਣਾ ਕਰਦੇ ਹੋਣਾ ਚਾਹੀਦਾ ਹੈ।
- ਤੁਹਾਡੇ ਕਲੇਮ ਸਬੂਤਾਂ ਨਾਲ ਜ਼ਰੂਰ ਹੀ ਸਮਰਥਿਤ ਹੋਣੇ ਚਾਹੀਦੇ ਹਨ। ਆਪਣੇ ਸੌਦੇ ਦੇ ਵੇਰਵੇ ਸਹਿਤ ਰਿਕਾਰਡਾਂ ਅਤੇ ਫਾਈਲਾਂ ਨੂੰ ਸੰਭਾਲ ਕੇ ਰੱਖੋ।
- ਕਿਸੇ ਡੀਲਰ ਵੱਲੋਂ ਗਾਹਕ ਦੀ ਖ਼ਰਚ ਕੀਤੀ ਗਈ ਰਾਸ਼ੀ ਨੂੰ ਵਾਪਸ ਕਰਨ ਦੀ ਅਸਮਰੱਥਤਾ ਜਾਂ ਇਨਕਾਰ ਕੀਤੇ ਜਾਣ ਦੇ ਦੋ ਸਾਲ ਦੇ ਅੰਦਰ ਕਲੇਮ ਜ਼ਰੂਰ ਹੀ ਦਾਇਰ ਕੀਤੇ ਜਾਣੇ ਚਾਹੀਦੇ ਹਨ।

## ਕਦਮ 2

### ਜਾਣਕਾਰੀ ਅਤੇ ਸਹਾਇਤਾ ਵਾਸਤੇ OMVIC ਨਾਲ ਸੰਪਰਕ ਕਰੋ

OMVIC ਮੋਟਰ ਵਾਹਨ ਵੇਚ ਉਦਯੋਗ ਦਾ ਨਿਯੰਤਰਕ (ਰੈਗੂਲੇਟਰ) ਹੁੰਦਾ ਹੈ ਅਤੇ ਤੁਹਾਡੇ ਮਸਲੇ ਨੂੰ ਹੱਲ ਕਰਨ ਵਿੱਚ ਸਹਾਇਤਾ ਮੁਹਈਅ ਕਰ ਸਕਦਾ ਹੈ। ਜੇ ਮਸਲਾ ਹੱਲ ਨਹੀਂ ਹੋ ਸਕਦਾ, ਤੁਸੀਂ ਮੋਟਰ ਵੀਹਕਲ ਡੀਲਰਜ਼ ਕੰਪੈਨਸੇਸ਼ਨ ਫੰਡ ਤੋਂ ਵਿੱਤੀ ਮੁਆਵਜ਼ਾ ਲੈਣ ਦੇ ਹੱਕਦਾਰ ਹੋ ਸਕਦੇ ਹੋ।

ਕਿਸੇ ਰਜਿਸਟਰਡ ਉਨਟੈਰੀਓ ਡੀਲਰ ਤੋਂ ਕੋਈ ਵਾਹਨ ਖ਼ਰੀਦਣ ਨਾਲ ਯੋਗ ਖਪਤਕਾਰਾਂ ਨੂੰ ਹੋਏ ਵਿੱਤੀ ਨੁਕਸਾਨਾਂ ਦੇ ਮੁਆਵਜ਼ੇ ਲਈ ਮੋਟਰ ਵੀਹਕਲ ਡੀਲਰਜ਼ ਕੰਪੈਨਸੇਸ਼ਨ ਫੰਡ ਸਥਾਪਤ ਕੀਤਾ ਗਿਆ ਸੀ।

ਜੇ ਤੁਸੀਂ ਵਿਸ਼ੇਸ਼ ਮਾਪਦੰਡ ਪੂਰਾ ਕਰਦੇ ਹੋ ਅਤੇ ਮਸਲਾ ਹਾਲੀ ਵੀ ਹੱਲ ਨਹੀਂ ਹੋਇਆ ਹੈ, ਕਦਮ 3 ’ਤੇ ਜਾਓ।

### ਓਮਵਿਕ (OMVIC)

ਮੋਟਰ ਵੀਹਕਲ ਡੀਲਰਜ਼ ਕੰਪੈਨਸੇਸ਼ਨ ਫੰਡ ਕੇਵਲ ਉਨਟੈਰੀਓ-ਰਜਿਸਟਰਡ ਡੀਲਰਜ਼ ਅਤੇ ਵੇਚਕਾਰਾਂ ਦੇ ਸੌਦਿਆਂ ’ਤੇ ਲਾਗੂ ਹੁੰਦਾ ਹੈ।

## ਕਦਮ 3

### ਕਲੇਮ ਅਰਜ਼ੀ ਪੈਕੇਜ ਪੇਸ਼ ਕਰੋ

ਜੇ ਤੁਸੀਂ ਵਿੱਤੀ ਮੁਆਵਜ਼ੇ ਲਈ ਅਰਜ਼ੀ ਦਿੰਦੇ ਹੋ, ਪੱਕਾ ਕਰੋ ਕਿ ਤੁਸੀਂ ਸਾਰੇ ਫਾਰਮਾਂ ਨੂੰ ਸਹੀ ਤੌਰ ਤੇ ਮੁਕੰਮਲ ਕੀਤਾ ਹੈ ਅਤੇ ਦਸਤਖ਼ਤ ਕੀਤੇ ਅਤੇ ਨੋਟਰਾਈਜ਼ਡ ਹੋਇਆਂ ਨੂੰ ਵਾਪਸ ਭੇਜ ਦਿੱਤਾ ਹੈ। ਮੁਕੰਮਲ ਅਤੇ ਸਹੀ ਅਰਜ਼ੀਆਂ ਨੂੰ ਬੋਰਡ ਆਫ ਟਰੱਸਟੀਜ਼ ਦੀ ਅਗਲੀ ਹੋਣ ਵਾਲੀ ਮੀਟਿੰਗ ਵਿੱਚ ਵਿਚਾਰਿਆ ਜਾਵੇਗਾ। ਤੁਹਾਡੀ ਅਰਜ਼ੀ ਦੀ ਬੋਰਡ ਆਫ ਟਰੱਸਟੀਜ਼ ਵੱਲੋਂ ਸਮੀਖਿਆ ਕੀਤੀ ਜਾਵੇਗੀ ਜਿਸ ਵਿੱਚ ਉਦਯੋਗ ਅਤੇ ਖ਼ਪਤਕਾਰਾਂ ਦੇ ਨੁਮਾਇੰਦੇ ਸ਼ਾਮਲ ਹੁੰਦੇ ਹਨ।

### ਡਾਉਨਲੋਡ

omvic.on.ca ਜਾਂ BuyWithConfidence.ca ਤੋਂ ਕਲੇਮ ਅਰਜ਼ੀ ਪੈਕੇਜ ਨੂੰ ਡਾਉਨਲੋਡ ਕਰੋ